**ਸਤੰਬਰ 2022 ਟਰਮ ਪ੍ਰੀਖਿਆ**

**ਨਮੂਨਾ ਪੇਪਰ**

+2 ਪੋਲੀਟੀਕਲ ਸਾਇੰਸ

ਕੁਲ ਅੰਕ - 80 ਸਮਾਂ 3 ਘੰਟੇ

**ਭਾਗ - ੳ** (2x16=32)

**ਨੋਟ : ਸਾਰੇ ਪ੍ਰਸ਼ਨ ਜਰੂਰੀ ਹਨ, ਹਰੇਕ ਪ੍ਰਸ਼ਨ 2 ਅੰਕਾਂ ਦਾ ਹੈ।**

1. i) ਹੇਠ ਲਿਖਿਆਂ ਵਿਚੋਂ ਕਿਹੜਾ ਰਾਜਨੀਤਿਕ ਪ੍ਰਣਾਲੀ ਦਾ ਨਿਕਾਸ ਕਾਰਜ ਨਹੀਂ ਹੈ।
   - ੳ) ਨਿਯਮ ਨਿਰਮਾਣ ਦਾ ਕਾਰਜ  ਅ) ਨਿਯਮ ਲਾਗੂ ਕਰਨਾ
   - ੲ) ਨਿਯਮ ਨਿਪਟਾਰਾ ਕਾਰਜ  ਸ) ਹਿੱਤ ਸਮੂਹੀਕਰਨ

   ii) ਕਿਸਨੇ ਕਿਹਾ, " ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਦਾਰਵਾਦ ਦਾ ਸੁਤੰਤਰਤਾ ਨਾਲ ਸਿੱਧਾ ਸੰਬੰਧ ਹੈ।
   - ੳ) ਅਰਸਤੂ  ਅ) ਲਾਸਕੀ
   - ੲ) ਪਲੈਟੋ  ਸ) ਡੇਵਿਡ ਈਸਟਨ

   iii) ਮਹਾਤਮਾ ਗਾਂਧੀ ਦਾ ਰਾਜਨੀਤਿਕ ਗੁਰੂ ਸੀ।
   - ੳ) ਬਾਲ ਗੰਗਾਧਰ ਤਿਲਕ  ਅ) ਰਵਿੰਦਰਨਾਥ ਟੈਗੋਰ
   - ੲ) ਗੋਪਾਲ ਕ੍ਰਿਸ਼ਨ ਗੋਖਲੇ  ੲ) ਰਾਮ ਮੋਹਨ ਰਾਏ

   iv) ਭਾਰਤ ਵਿੱਚ ਨਾਂਮਾਤਰ ਕਾਰਜਪਾਲਿਕਾ ਦਾ ਮੁੱਖੀ ਕੌਣ ਹੈ।
   - ੳ) ਪ੍ਰਧਾਨ ਮੰਤਰੀ  ਅ) ਰਾਸ਼ਟਰਪਤੀ
   - ੲ) ਲੋਕਸਭਾ ਦਾ ਸਪੀਕਰ  ਸ) ਉਪਰਾਸ਼ਟਰਪਤੀ

   v) "ਲੋਕਤੰਤਰ ਲੋਕਾਂ ਦੀ ਲੋਕਾਂ ਲਈ ਤੇ ਲੋਕਾਂ ਦੁਆਰਾ ਸਰਕਾਰ ਹੈ।" ਇਹ ਕਥਨ ਕਿਸਦਾ ਹੈ ?
   - ੳ) ਲਾਸਕੀ  ਅ) ਜੇ ਐਸ. ਮਿਲ
   - ੲ) ਅਬਰਾਹਮ ਲਿੰਕਨ  ਸ) ਡਾ. ਗਾਰਨਰ

   vi) ਪੰਚਾਇਤੀ ਰਾਜ ਦੀ ਵਿਧਾਨ ਸਭਾ ਕਿਹੜੀ ਹੈ ?
   - ੳ) ਗ੍ਰਾਮ ਪੰਚਾਇਤ  ਅ) ਗ੍ਰਾਮ ਸਭਾ
   - ੲ) ਜਿਲਾ ਪ੍ਰੀਸ਼ਦ  ਸ) ਨਗਰ ਨਿਗਮ

   vii) 'ਦਾਸ ਕੈਪੀਟਲ' ਦਾ ਲੇਖਕ ਕੌਣ ਹੈ ?

   viii) ਹੁਣ ਤੱਕ ਕਿੰਨੀਆਂ ਲੋਕ ਸਭਾ ਚੋਣਾਂ ਹੋ ਚੁੱਕੀਆਂ ਹਨ ?

   ix) ਗ੍ਰਾਮ ਪੰਚਾਇਤ ਦਾ ਮੁਖੀ ਕੌਣ ਹੁੰਦਾ ਹੈ ?

   x) ________________ ਵਿਗਿਆਨਕ ਸਮਾਜਵਾਦ ਦਾ ਪਿਤਾਮਾ ਹੈ।

   xi) 1919 ਤੋਂ 1947 ਤੱਕ ਦੇ ਸਮੇਂ ਨੂੰ ____________ ਕਿਹਾ ਜਾਂਦਾ ਹੈ।

   xii) ਭਾਰਤੀ ਸੰਵਿਧਾਨ ਦੀ ਧਾਰਾ -17 _____________ ਦੇ ਖਾਤਮੇ ਦੀ ਵਿਵਸਥਾ ਕਰਦੀ ਹੈ।

   xiii) ਰਾਜਨੀਤਿਕ ਪ੍ਰਣਾਲੀ ਨਿਰੰਤਰ ਪ੍ਰਕ੍ਰਿਆ ਹੈ। (ਠੀਕ/ਗਲਤ)

   xiv) ਅਧੁਨਿਕ ਉਦਾਰਵਾਦ ਸੁਤੰਤਰ ਵਪਾਰ ਤੇ ਖੁਲੇ ਮੁਕਾਬਲੇ ਦਾ ਵਿਰੋਧ ਕਰਦਾ ਹੈ। (ਠੀਕ/ਗਲਤ)

   xv) ਭਾਰਤ ਇਕ ਧਰਮ ਆਧਾਰਤ ਰਾਜ ਹੈ। (ਠੀਕ/ਗਲਤ)

   xvi) ਪੰਚਾਇਤ ਰਾਜ ਨੂੰ ਸਥਾਨਕ ਲੋਕਤੰਤਰ ਨਹੀਂ ਕਿਹਾ ਜਾ ਸਕਦਾ (ਠੀਕ/ਗਲਤ)

**ਭਾਗ - ਅ** (4x5=20)

**ਨੋਟ : ਕੋਈ 5 ਪ੍ਰਸ਼ਨ ਕਰੋ। ਉਤੱਰ 50-60 ਸ਼ਬਦਾਂ ਵਿੱਚ ਹੋਵੇ। ਹਰੇਕ ਪ੍ਰਸ਼ਨ ਦੇ 4 ਅੰਕ ਹਨ।**

2) i) ਫੀਡ ਬੈਕ ਲੂਪ ਵਿਵਸਥਾ ਦੀ ਵਿਆਖਿਆ ਕਰੋ।

   ii) ਉਦਾਰਵਾਦ ਦੇ ਕੋਈ ਚਾਰ ਮੂਲ ਸਿਧਾਂਤ ਲਿਖੋ ?

iii) ਮਾਰਕਸਵਾਦੀਆਂ ਦੇ ਧਰਮ ਬਾਰੇ ਕੀ ਵਿਚਾਰ ਹਨ ।

iv) ਗਾਂਧੀ ਜੀ ਦੇ ਅਹਿੰਸਾ ਸੰਬੰਧੀ ਕੀ ਵਿਚਾਰ ਹਨ ।

v) ਸੰਸਦੀ ਪ੍ਰਣਾਲੀ ਦੇ ਅਰਥ ਦਸੋ ।

vi) ਅਨਪੜ੍ਹਤਾ ਭਾਰਤੀ ਲੋਕਤੰਤਰ ਨੂੰ ਕਿਵੇਂ ਪ੍ਰਭਾਵਤ ਕਰਦੀ ਹੈ ?

vii) ਗ੍ਰਾਮ ਪੰਚਾਇਤ ਦੇ ਕੰਮਾਂ ਦਾ ਵਰਨਣ ਕਰੋ ।

viii) ਰਾਜ ਦੀ ਦਖਲ ਨਾ ਦੇਣ ਦੀ ਨੀਤੀ ( Laissez Faire) ਕੀ ਹੈ ?

**ਭਾਗ-ੲ** (6x3=18)

**ਨੋਟ : ਹਰੇਕ ਅੰਦਰੂਨੀ ਵਿਕਲਪ ਵਿਚੋਂ ਇਕ ਪ੍ਰਸ਼ਨ ਕਰਦੇ ਹੋਏ ਕੁੱਲ ਤਿੰਨ ਪ੍ਰਸ਼ਨ ਕਰੋ । ਉਤਰ 10-20 ਵਾਕਾਂ ਵਿੱਚ ਹੋਵੇ । ਹਰੇਕ ਪ੍ਰਸ਼ਨ ਦੇ ਛੇ ਅੰਕ ਹਨ ।**

3. ਆਲਮੰਡ ਅਨੁਸਾਰ ਰਾਜਨੀਤਿਕ ਪ੍ਰਣਾਲੀ ਦੇ ਕੰਮ ਲਿਖੋ ?

**ਜਾਂ**

ਮਾਰਕਸਵਾਦ ਦੇ ਮੁੱਖ ਸਿਧਾਂਤਾਂ ਦਾ ਵਰਨਣ ਕਰੋ ।

4. ਗਾਂਧੀ ਜੀ ਦੇ ਸਤਿਆਗ੍ਰਹਿ ਦੀਆਂ ਵਿਧੀਆਂ ਬਾਰੇ ਲਿਖੋ ।

**ਜਾਂ**

ਭਾਰਤੀ ਸੰਸਦੀ ਪ੍ਰਣਾਲੀ ਦੀਆਂ ਚਾਰ ਵਿਸ਼ੇਸ਼ਤਾਵਾਂ ਲਿਖੋ ।

5. ਭਾਰਤੀ ਲੋਕਤੰਤਰ ਦੀ ਮੁੱਖ ਸਮੱਸਿਆਵਾਂ ਦਾ ਵਰਨਣ ਕਰੋ ।

**ਜਾਂ**

ਪੰਚਾਇਤੀ ਰਾਜ ਪ੍ਰਣਾਲੀ ਦੇ ਦੋਸ਼ਾਂ ਦਾ ਵਰਨਣ ਕਰੋ ।

ਭਾਗ (ਸ) (2x5=10)

**ਨੋਟ : ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਉੱਤਰ ਦਿਤੇ ਜਾਣ ਹਰੇਕ ਪ੍ਰਸ਼ਨ ਦੇ ਦੋ ਅੰਕ ਹਨ ।**

6. ਭਾਰਤ ਵਿੱਚ 9ਵੀਂ, 10ਵੀਂ, 11ਵੀਂ, 12ਵੀਂ, 12ਵੀਂ, 13ਵੀਂ, 14ਵੀਂ ਅਤੇ 15ਵੀਂ ਲੋਕ ਸਭਾ ਦੀਆਂ ਚੋਣਾਂ ਦੇ ਨਤੀਜੇ ਵਜੋਂ 'ਲਟਕਦੀ ਸੰਸਦ' (Hung Parliament) ਹੋਂਦ ਵਿਚ ਆਈ ਸੀ । ਲਟਕੀ ਹੋਈ ਸੰਸਦ ਵਿਚ ਕਿਸੇ ਵੀ ਇਕ ਦਲ ਨੂੰ ਉਚਿੱਤ ਬਹੁਮੱਤ ਪ੍ਰਾਪਤ ਨਹੀਂ ਹੁੰਦਾ ਅਤੇ ਸੰਸਦ ਕਿਸੇ ਵੀ ਸਮੇਂ ਡਿੱਗ ਸਕਦੀ ਹੈ । ਅਜਿਹੀ ਸਥਿਤੀ ਸਥਿਤੀ ਵਿੱਚ ਆਮ ਤੌਰ ਤੇ ਰਲੀ-ਮਿਲੀ ਜਾਂ ਬਾਹਰੀ ਸਮਰਥਨ ਨਾਲ ਸਰਕਾਰ ਕਾਇਮ ਕੀਤੀ ਜਾਂਦੀ ਹੈ ਜਿਹੜੀ ਕਿ ਮਜ਼ਬੂਤ ਨਹੀਂ ਬਣ ਪਾਉਂਦੀ ਅਤੇ ਨਾ ਹੀ ਪ੍ਰਭਾਵਸ਼ਾਲੀ ਫੈਸਲੇ ਕਰ ਪਾਉਂਦੀ ਹੈ । ਤਜ਼ਰਬਾ ਗਵਾਹ ਹੈ ਕਿ ਦਸੰਬਰ, 1989 ਵਿੱਚ ਕਾਇਮ ਹੋਈ ਰਾਸ਼ਟਰੀ ਮੋਰਚੇ ਦੀ ਸਰਕਾਰ ਨਵੰਬਰ, 1990 ਵਿੱਚ ਗਿਰ ਗਈ ਸੀ । 11ਵੀਂ ਲੋਕ ਸਭਾ ਵਿੱਚ ਕਿਸੇ ਵੀ ਦਲ ਨੂੰ ਪੂਰਨ ਬਹੁਮਤ ਪ੍ਰਾਪਤ ਨਾ ਹੋਣ ਕਾਰਨ ਤਿੰਨ ਪ੍ਰਧਾਨ ਮੰਤਰੀਆਂ ਨੂੰ ਆਪਣੇ ਅਹੁਦੇ ਤੋਂ ਅਸਤੀਫੇ ਦੇਣੇ ਪਏ ਸਨ । ਸ਼੍ਰੀ ਅਟਲ ਬਿਹਾਰੀ ਵਾਜਪਾਈ ਨੂੰ 13 ਦਿਨ ਪ੍ਰਧਾਨ ਮੰਤਰੀ ਅਹੁਦੇ ਤੇ ਰਹਿਣ ਪਿਛੋਂ 28 ਮਈ, 1996 ਨੂੰ ਸੰਯੁਕਤ ਮੋਰਚੇ ਦੇ ਨੇਤਾ ਸ਼੍ਰੀ ਐਚ.ਡੀ.ਦੇਵਗੌੜਾ ਨੂੰ 11 ਮਹੀਨੇ ਪ੍ਰਧਾਨ ਮੰਤਰੀ ਦੇ ਅਹੁਦੇ ਵਿੱਚ ਰਹਿਣ ਪਿਛੋਂ 11 ਅਪ੍ਰੈਲ, 1997 ਨੂੰ ਅਤੇ ਸ਼੍ਰੀ ਇੰਦਰ ਕੁਮਾਰ ਗੁਜ਼ਰਾਲ ਨੂੰ 7 ਮਹੀਨੇ ਪ੍ਰਧਾਨ ਮੰਤਰੀ ਦੇ ਅਹੁਦੇ ਵਿਚ ਰਹਿਣ ਪਿਛੋਂ 28 ਨਵੰਬਰ, 1997 ਨੂੰ ਅਸਤੀਫ਼ਾ ਦੇਣਾ ਪਿਆ ਸੀ । 12ਵੀਂ ਲੋਕ ਸਭਾ ਨੂੰ ਕੇਵਲ 13 ਮਹੀਨਿਆਂ ਪਿੱਛੋਂ ਹੀ ਭੰਗ ਕਰ ਦਿੱਤਾ ਗਿਆ ਸੀ ।

i) ਲਟਕਦੀ ਸੰਸਦ ਕੀ ਹੁੰਦੀ ਹੈ ?

ii) ਲਟਕਦੀ ਸੰਸਦ ਵਿੱਚ ਮਜ਼ਬੂਤ ਸਰਕਾਰ ਬਣਦੀ ਹੈ (ਠੀਕ/ਗਲਤ)

iii) ਰਾਸ਼ਟਰੀ ਮੋਰਚੇ ਦੀ ਸਰਕਾਰ __________ ਸਾਲ ਵਿੱਚ ਗਿਰੀ ਸੀ ।

iv) 12ਵੀਂ ਲੋਕ ਸਭਾ ਨੂੰ ________ ਮਹੀਨਿਆਂ ਪਿੱਛੋਂ ਭੰਗ ਕਰ ਦਿੱਤਾ ਗਿਆ ।

v) 11ਵੀਂ ਲੋਕ ਸਭਾ ਵਿੱਚ ਤਿੰਨ ਪ੍ਰਧਾਨ ਮੰਤਰੀਆਂ ਨੂੰ ਅਸਤੀਫੇ ਦੇਣੇ ਪਏ (ਠੀਕ/ਗਲਤ)

**ਅਸ਼ਵਨੀ ਕੁਮਾਰ, ਲੈਕ. ਪੋਲ. ਸਾਇੰਸ (ਗੁਰਦਾਸਪੁਰ)**